Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਿਹਰਫੀ

ਮਨਮਸਤਾਨ

ਜੋ

ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼

ਨੇ

ਅਪਨੇ ਮਤਬਾ ਮੁਫ਼ੀਦਆਮ ਲਾਹੌਰ

ਵਿਖੇ

ਛਪਵਾਈ

ਸੰ: ੧੮੯੭ ਈ:

Digitized by Panjab Digital Library | www.panjabdigilib.org

੧ ੳ ਸਤਿਗੁਰ ਪ੍ਰਸਾਦਿ ॥

ਅਥ ਸਿਹਰਫ਼ੀ ਮਨ ਮਸਤਾਂਨ ਕੀ ਲਿਖ੍ਯਤੇ ॥

ਅਲਫ ਇਲਾਹੀ ਯਾਦ ਨਾ ਕੀਤਾ ਨਾ ਕੀਤਾ ਸਤਸੰਗ ਕੁੜੇ ॥ ਸਰਮ ਭਰਮ ਦੇ ਵਿੱਕੜ ਡੁੱਬੀ ਕਿਉਂ ਚੜ੍ਹੇ ਨਾਮ ਦਾ ਰੰਗ ਕੁੜੇ। ਝੂਠੇ ਮੋਹ ਜਗਤ ਦੇ ਫਾਥੀ ਪਿਆ ਸਿਦਕ ਵਿੱਚ ਭੰਗ ਕੁੜੇ। ਮਨਮਸਤਾਨ ਕਹੈ ਮੇਰੀ ਜਿੰਦੜੀਏ ਸਾਧ ਸੰਗ ਨਿਤ ਮੰਗ ਕੁੜੇ ॥੧॥ ਬੇ ਬੇਦ ਪੁਰਾਣ ਪੜ੍ਹਿਯੋ ਜੇ ਸਾਧਸੰਗ ਨਾ ਕੀਤਾ ਨੀ। ਸਬਰ ਸਬੂਰੀ ਮਨ ਵਿਚ ਨਾਹੀਂ ਪੜ੍ਹਿਆ ਹੋਵੇ ਗੀਤਾ ਨੀ। ਕੋਕ ਕਾਬਦੀ ਕਰੇ ਕਹਾਨੀ ਨ ਇਸਕ ਕਾ ਪਿਆਲਾ ਪੀਤਾ ਨੀ। ਮਨਮਸਤਾਂਨ ਤੂੰ ਕਰ ਸਤ ਸੰਗਤ ਜਨਮ ਅਮੋਲਕ ਬੀਤਾਨੀ ॥੨॥ ਤੇ ਤਦਬੀਰ ਨਾ ਕਰ ਮਨ ਵਿੱਚ ਸਾਧ ਸੰਗ ਤੂੰ ਆਉ ਕੁੜੇ । ਨਿਤ ਨਿਤਅ-ਮਰ ਨਹੀਂ ਤੁਧ ਰਹਿਨਾਂ ਇਸ ਜਗ ਦੀਲਾਜ ਉਠਾਉ ਕੁੜੇ ॥ ਸਰਨ ਚਰਨ ਤੂੰ ਰਹੁ ਸੰਤਨ ਕੇ ਰਾਮ ਨਾਮ ਜਸ ਗਾਉ-ਕੁੜੇ। ਮਨਮਸਤਾਨ ਕਹੇ ਮਤਵਾਲਾ ਬਿਰਥਾ ਜਨਮ ਨ ਗਵਾਉ ਕੁੜੇ ॥ ੩ ॥ ਸੇ ਸਾਬਤ ਹੋਕਰ ਮਿਲ ਫਕਰਾਂ ਨੂੰ ਸ਼ਰਮ ਜਗਤ ਦੀ ਨਾ ਕਰ ਨੀ। ਤਿਸਦੇ ਮਾਣ ਨਿਮਾਣੀ ਹੋ ਤੂੰ ਜਾਨ ਜਿਗਰ ਅਗੇ ਧਰ ਨੀ ॥ ਲੋਕ ਲੀਕ ਦਾ ਹਵਾ-ਲਾ ਛਡਦੇ ਹੋਇ ਆਜੁਰਦੀਪਗ ਧਰਨੀ ॥ ਮਨ ਮਸਤਾਂਨ

Digitized by Panjab Digital Library | www.panjabdigilib.org

ਕਹੈ ਜਿੰਦ ਕਮਲੀ ਕਿਧਾ ਝੂਠਾ ਮਲਿਆ ਗਰਨੀ ॥ ੪ ॥
ਜੀਮ ਜੰਮ ਕੇ ਪਾਪ ਹੀ ਕੀਤਾ ਨਾ ਲੀਤਾ ਹਰਨਾਮਕੁੜੇ। ਕਰ
ਕਰ ਖੁਦੀ ਧਹ ਬਾਜੀ ਹਾਰੀ ਡੁਬ ਡੁਬ ਮੋਈ ਗੁਮਾਨ ਕੁੜੇ।
ਸਤਿ ਸੰਗਤ ਦਾ ਸ਼ੌਕ ਨਾ ਕੀਤਾ ਝੂਠੇ ਤੇਰੇ ਤਾਨ ਕੁੜੇ। ਇ
ਸ਼ਕ ਮੁਸ਼ਕ ਦੀ ਸਾਰ ਕੀ ਜਾਣੇ ਸਚ ਕੈਹਦਾ ਮਨਮਸਤਾਂਨ
ਕੁੜੇ ॥ ੫ ॥ ਹੇ ਹਵਾਲ ਕੀਤੋ ਸੂ ਤੇਰਾ ਤੂੰ ਮਨ ਵਿੱਚਸਮਝ
ਵਿਚਾਰ ਕੁੜੇ। ਜੇਹੜੇ ਰੂਪ ਹੁਸਨ ਮਦ ਮਾਤੀ ਸੋ ਇਕ ਦਿਨ
ਦੇਵੇਗਾਰ ਕੁੜੇ। ਇਹ ਨੂਰ ਜ਼ਹੂਰ ਖਾਕ ਵਿੱਚ ਰੁਲਸੀ ਦਿਨ
ਦੋਇਕ ਦੀ ਦੇਖ ਬਹਾਰ ਕੁੜੇ। ਮਨ ਮਸਤਾਂਨ ਕਹੇ ਜਿੰਦ
ਪਾਪਨਕਿਉਂ ਚੇਤਜਾ ਨਾ ਕਰਤਾਰ ਕੁੜੇ ॥ ੬॥ ਖੇ ਖਬਰਦਾਰ
ਹੋ ਸਵਾਰ ਜਿੰਦ ਨੂੰ ਤੈਨੂੰ ਇਹ ਵੇਲਾ ਨਹੀਂ ਫੇਰ ਕੁੜੇ। ਸਤਿ
ਸੰਗਤ ਦਾ ਮੇਲਾ ਕਰ ਲੈ ਨਾ ਪੜੀ ਚੁਰਾਸੀ ਘੇਰ ਕੁੜੇ। ਮੌਤ
ਅਚਾਨਕ ਆਵੇ ਜਿੰਦ ਨੀ ਪਲ ਮੈਂ ਕਰਸੀ ਜ਼ੇਰ ਕੁੜੇ। ਮ-
ਨ ਮਸਤਾਂਨ ਕਹੇ ਤੂੰ ਜਿੰਦੜੀ ਕਿਉਂ ਕਰਦੀ ਹੈ ਹਉਮੈਂ
ਮੇਰ ਕੁੜੇ ॥ ੭ ॥ ਦਾਲ ਦਿਲਾਦੀਆਂ ਕਹੁ ਤੂੰ ਬਾਤਾਂ ਕਿਆ
ਤੇਰੇ ਮਨ ਆਈ ਨੀ। ਲੋਕ ਲਾਜ ਤੂ ਸਿਰ ਪਰ ਧਰ ਲਈ
ਹਛੀ ਕਰੀ ਕਮਾਈ ਨੀ। ਸ਼ਰਨ ਪਰੇ ਤੂੰ ਹਾਰਿ ਸੰਤਨ ਕੇ
ਕਉਣ ਹੋਸੀ ਅੰਤ ਸਹਾਈ ਨੀ। ਮਨਮਸਤਾਨ ਤਜ ਬਾਗ
ਬਹਾਰਾਂ ਕਿਉਂ ਓਰਥਲਾਂ ਨੂੰ ਧਾਈ ਨੀ ॥ ੯ ॥ ਜ਼ਾਲ
ਜਿਕਰਸਭ ਕੂੜਾ ਤੇਰਾ ਬਿਨਸੰਤਨ ਦੇ ਮੇਲ ਕੁੜੇ।ਸਬਦ ਸੂਪੀ
ਅਹਾਰ ਤਿਆਗਿਆ ਗਲ ਪਾਈ ਕੂੜੀ ਹਮੇਲ ਕੁੜੇ ॥

Digitized by Panjab Digital Library / www.panjabdigilib.org

ਸਾਧ ਸੰਗਤ ਵਿਚ ਆਵੇ ਨਾਹੀਂ ਜਗ ਭਰਮੀ ਫਿਰੇ ਸੁਹੇਲ ਕੁੜੇ। ਮਨਮਸਤਾਂਨ ਜਦ ਮਾਰੇ ਜਿੰਦੜੀ ਫੜ ਦੋਜਕ ਦੇ ਦ ਲੇਲ ਕੁੜੇ ॥੯॥ ਰੇ ਰਹਿਨ ਜਗਤ ਵਿਚ ਕੋਈ ਨ ਮਿਲਸੀ ਦਸੋ ਦਿਸਾ ਫਿਰ ਦੇਖ ਕੁੜੇ।। ਮੌਤ ਨਿਮਾਣੀ ਸਭ ਨੂੰ ਮਾਰੇ ਕਿਆ ਮੁਲਾਂ ਕਾਜ਼ੀ ਸੇਖ ਕੁੜੇ॥ ਹੋਇ ਨਿਧੜਕ ਤੂੰ ਕਰ ਸੰ-ਗਤ ਜੋ ਜਾਗਨ ਤੇਰੇ ਲੇਖ ਕੁੜੇ। ਮਨਮਸਤਾਂਨ ਕਹੈ ਜਿੰਦ ਪਰਦੇਸਨ ਤੂੰ ਜਪ ਲੈ ਨਾਮ ਅਲੇਖ ਕੁੜੇ ॥੧੦॥ ਜੀਮ ਜਾਨ ਬੂਝ ਕੇ ਭਈ ਬਾਵਰੀ ਕਿਉ ਦਿਨ ਦਿਨ ਲਗਦੀ ਲਾ ਜ ਕੁੜੇ। ਸਾਧ ਦੇ ਰਾਹ ਨ ਦੀਸੈ ਤੈਨੂੰ ਆਪਵਿਗਾੜੇ ਰਾਜ ਕੁ ੜੇ। ਪਕੜ ਪਛਾੜਨ ਪਲ ਵਿਚ ਤੈਨੂੰ ਜਿਉਂ ਚਿੜੀਆਂ ਵਿੱਚ ਬਾਜਕੁੜੇ। ਮਨਮਸਤਾਂਨ ਸਤਿਸੰਗਤ ਕਰਲੈ ਸਭ ਛੁੱਟਣਗੇ ਤੇਰੇ ਪਾਜ ਕੁੜੇ॥ ੨੧॥ ਸੀਨ ਸਫਾਈ ਕਰ ਦਿਲ ਅੰਦਰ ਕਿਉਂ ਤੂੰ ਫਿਰੇ ਅਵਲੀਨੀ। ਭੂਤ ਭਰਮ ਇਹ ਪਲ ਦੇ ਤੈਨੂੰ ਹੈ ਕੋਈ ਕਮਲੀ ਝੱਲੀ ਨੀ। ਕਰ ਕਰ ਬਦੀਆ ਜਨਮ ਤੈ ਖੋਇਆ ਏਹ ਗਲ ਨਾਹੀਂ ਭਲੀਨੀ।ਮਨਮਸਤਾਂਨ ਦੀਝੂਠੀ ਯਾਰੀ ਤੈਂ ਕੂੜੀ ਦੁਨੀਆਂ ਮੱਲੀ ਨੀ॥ ੧੨ ॥ ਸੀਨ ਸਬਰ ਤੂੰ ਫੜ ਦਿਲ ਅੰਦਰ ਸੁਣ ਲੈ ਏਹ ਗਲ ਭਲੀ ਕੁੜੇ। ਹਰ ਦੇਦਰਪਰਠਾਂਢੀ ਰਹੁ ਤੂੰ ਰਬ ਕਰਸੀ ਤੇਰਾ ਭਲਾ ਕੁੜੇ। ਸੰਤ ਜਨਾ ਦੀ ਸਰਣ ਪਕੜ ਲੈ ਸਿੱਖਾ ਮੰਨੀ ਭਲੀ ਕੁੜੇ। ਮਨਮਸਤਾਂਨ ਤੂੰ ਸਮਝ ਜਿੰਦੜੀ ਕਾਲ ਸਭਨਾ ਪਰ ਬਲੀ ਕੁੜੇ॥੧੩॥ਸੁਵਾਦ ਸਬੂਰੀ ਦਿਲ ਵਿਚ ਰੱਖੀਂ ਰੈਨ ਦਿਨਾ

Digitized by Panjab Digital Library | www.panjabdigilib.org

ਹਰ ਵੇਲੇ ਕੁੜੇ।॥ ਹੋਇ ਉਦਾਸ ਨਾ ਜਗ ਵਿੱਚ ਫਿਰ ਖਾਂ ਕਰ ਸਭ ਨਾਤੇ ਮੇਲ ਕੁੜੇ। ਖੁਦੀ ਤਕਬਰ ਨਾ ਕਰ ਜਿੰਦੇ ਕੋਈ ਦਿਵਸ ਦਾ ਖੇਲ ਕੁੜੇ। ਮਨਮਸਤਾਨ ਆਵਨ ਜਮ ਕੰਕਰ ਸੱਚੇ ਪਲੜ ਪੇਲ ਕੁੜੇ ॥ ੧੪॥ ਜੁਵਾਦ ਜਬਰ ਹੈ ਤਲਬ ਜਮਾਂ ਦੀ ਸਭ ਨੂੰ ਬੰਨ ਚਲਾਵੇਨੀ। ਸੂਰਬੀਰ ਜੋਧਾ ਹੁਇ ਕੋਈ ਜਮ ਆਗੈ ਪਲਕ ਨਾ ਲਾਵੇ ਨੀ। ਸ਼ਾਹ ਸੁਲਤਾਨ ਪੀਰ ਹੋਇ ਭਾਵੇਂ ਪਗ ਜੋੜਾ ਮੂਲ ਨਾ ਭਾਵੇ ਨੀ। ਮਨ ਮਸਤਾਂਨ ਕਹੈ ਏਹ ਝੂਠੀ ਦੁਨੀਆਂ ਵੇਖ ਲੁਭਾਵੇ ਨੀ॥ ੧੫॥ ਤੇਇਤਮਾਸ਼ਾ ਚਾਰ ਦਿਨਾ ਕਾ ਕਿਉ ਬੈਠੀ ਘਰ ਤੂੰ ਪਾਇ ਕੁੜੇ। ਚੌਦਾ ਭਵਨ ਢੰਡੋਰਾ ਉਸਦਾ ਮੌਤ ਸਭਸ ਨੂੰ ਖਾਇ ਕੁੜੇ। ਕਾਲ ਦਾ ਗੋਲਾ ਗਜ਼ਬ ਸੁਣੀਦਾ ਪਰਬਤ ਲਏ ਰੁੜਾਇ ਕੁੜੇ। ਮਨ-ਮਸਤਾਂਨ ਕਹੈ ਜਿੰਦ ਭੋਲੀ ਬਿਨ ਰਬ ਕੌਣ ਸਹਾਇ ਕੁੜੇ॥ ੧੬ ॥ ਜੋਇ ਜੰਮਨਾਹ ਤਿਜਾਗ ਕੁੜੇ ਏਹ ਅੱਖੀਂ ਦੇਖ ਪ-ਤੀਜੇ ਨੀ। ਸੜੀ ਕੜਾਹੀ ਰੈਨ ਕੋਰੜ ਸੋ ਜੰਮਨ ਕੈਸੇ ਬੀਜੇ ਨੀ। ਅੰਬ ਛੁਹਾਰੇ ਲੌਂਗ ਹੋਵਨ ਤਿਸ ਤੇ ਜੋ ਬੀਜ ਹਰਿੰਡ ਦੇ ਬੀਜੇ ਨੀ। ਮਨ ਮਸਤਾਨ ਜਿਨ ਸੰਗਤ ਛੋਡੀ ਸੋ ਕਿਉ ਦਰਗਾਹ ਸੀਝੇ ਨੀ ॥ ੧੭ ॥ ਐਨ ਇਸ਼ਕ ਦਰਵੇਸ਼ਾਂ ਵਾਲਾ ਅਮਰ ਕੈਹਨ ਜਿਸ ਬੇਦ ਕੁੜੇ। ਦੀਨ ਦੁਨੀਆਂ ਵਿਚ ਹਾਰ ਨਾ ਆਵੇ ਜੋ ਹੋਇ ਇਸ਼ਕ ਦਾ ਭੇਦ ਕੁੜੇ। ਪੰਜ ਪਚੀਸ ਨਾ ਰੋਗ ਵਿਆਪੇ ਜਿਨ ਹੋਮੈ ਦੀਨਾ ਛੋੜ ਕੁੜੇ। ਮਨ ਮਸਤਾਂਨ ਸੁਖ ਤਾਂ ਘਰ ਆਵਨੀ ਹਰਿ ਦਰ ਦੀ ਰਖ ਉਮੈਦ ਕੁੜੇ

Digitized by Panjab Digital Library | www.panjabdigilib.org

੧੮ ॥ ਗੈਨ ਗਰਦ ਤੂੰ ਸਿਰ ਪਰ ਹੋਵੇ ਭਾਵੇਂ ਕਰ ਤੂੰ ਸ਼ਰਮ ਕੁੜੇ। ਸਦਾ ਬਨਤ ਜਗ ਅੰਦਰ ਤੈਨੂੰ ਸਤਿ ਸੰਗਤ ਸਮਾਨ ਧਰਮ ਕੁੜੇ। ਬਿਨ ਸਤਿ ਸੰਗਤ ਸ਼ਾਂਤ ਨ ਆਵੇ ਅਠ ਸਠ ਤੀਰਥ ਭਰਮ ਕੁੜੇ। ਮਨ ਮਸਤਾਂਨ ਜਗ ਰਹਿਨਾ ਨਾਹੀਂ ਕਰ ਦਿਲ ਅਪਨਾ ਨਰਮ ਕੁੜੇ ॥ ੧੯ ॥ ਫ਼ੇ ਫਿਕਰ ਰਬ ਨੂੰ ਆਲਮ ਦਾ ਸਰਬ ਘਟਾਂ ਦਾ ਵਾਲੀ ਨੀ। ਹੈ ਸਮ ਕੰਚਨ ਜੋਤ ਅਜਾਇਬ ਨੂਰ ਨਾਮ ਦਾ ਲਾਲੀ ਨੀ। ਦੁਨੀਆਂ ਬਾਗ ਬਗੀਚਾ ਲਾਕੇ ਆਪੇ ਬਨ ਗਯਾ ਮਾਲੀ ਨੀ। ਮਨਮ-ਸਤਾਂਨ ਉਨ ਕੋ ਡਰ ਨਾਹੀਂ ਜਿਨ ਕੇ ਸਤਿਗੁਰ ਵਾਲੀ ਨੀ ॥ ੨੦ ॥ ਕਾਫ ਕਹਿਆ ਤੂੰ ਮੰਨ ਅਸਾਡਾ ਏਹੁ ਫਕਰਾਂ ਸਤਿ ਬਤਾਯੋ ਨੀ। ਸੋ ਕਜੇ ਬਚਨ ਚੌਰਾਸੀ ਤੇ ਜਿਨ ਮੋਹ ਜਗਤ ਵਿਚ ਲਾਯੋ ਨੀ। ਚਹੁੰਵਲ ਦਿਸਦਾ ਧੁੰਧੂਕਾਰਾ ਨਾ ਰਹਿਨਾਂ ਜਲ ਧਾਯੋ ਨੀ। ਮਨਮਸਤਾਂਨ ਸੁਅਸਥਿਰ ਰਹਿਨ ਜਗ ਵਿਚ ਜਿਨ ਹਰਦਮ ਸਾਹਿਬ ਧਿਆਯੋ ਨੀ ॥ ੨੧ ॥ ਕਾਫ ਕਰੇ ਜੇ ਕਰਮ ਇਲਾਹੀ ਸਾਧੂ ਭੇਟੀਆ ਨ ਕੁੜੇ। ਉਸਨੂੰ ਭਉ ਕਹੁ ਹੋਵੇ ਕਿਸਦਾ ਜਿਸਨੂੰ ਰੱਬ ਦਾ ਤਾਣ ਕੁੜੇ। ਏਸ ਗਲ ਨੂੰ ਜੋ ਕੋਈ ਸਮ ਝੇ ਫੇਰ ਨ ਮਰਨ ਜਮਾਨ ਕੁੜੇ। ਮਨਮਸਤਾਂਨ ਬਿਨਾ ਸਤਿ ਸੰਗਤ ਸਭ ਲਈ ਕਾਲ ਨਹਾਣ ਕੁੜੇ ॥ ੨੨ ॥ ਲਾਮ ਲਪਵਣੂੰ ਨਾਂ ਕਰ ਇਤਨੀ ਇਸ ਜਗ ਤੋਂ ਕਰ ਕਿਨਾਰਾ ਨੀ। ਸਿਫਤ ਸਦਾ ਤੂੰ ਕਰ ਸਾਂਈ ਦੀ ਜਿਨ ਰਚਿਆ ਸਭ ਸੰਸਾਰਾ ਨੀ। ਹੋਰ ਵਪਾਰ ਵਣਜ ਸਭ ਦੇਖੇ ਬਿਨ ਰਬ ਤੋਂ ਦੁਖ ਹੈ ਭਾਰਾ ਨੀ। ਮਨਮਸ-

Digitized by Panjab Digital Library | www.panjabdigilib.org

ਤਾਨ ਸਤ ਸੰਗਤ ਕਰਲੈ ਮਨਲੈ ਬਚਨ ਹਮਾਰਾ ਨੀ॥੨੩॥
॥ ਮੀਮ ਮਤਾਹ ਜੋੜ ਨਾਮ ਦੀ ਚੱਲੇ ਤੇਰੇ ਸਾਥ ਕੁੜੇ । ਲਾਖ
ਕ੍ਰੋੜੀ ਨੀਲ ਜਿਨਾਂ ਘਰ ਸੋ ਜਾਂਦੀ ਖਾਲੀ ਹਾਥ ਕੁੜੇ। ਇਕ
ਨਿਰੰਜਨ ਵਾਲੀ ਤੇਰਾ ਨਾ ਭਰਾ ਤਾਤ ਸੁਤ ਮਾਤ ਕੁੜੇ। ਮਨ
ਮਸਤਾਂਨ ਕਹੈ ਹਰਿ ਹਰਿ ਜਪੀਏ ਏਹ ਭਲੀ ਹੈ ਬਾਤ ਕੁੜੇ॥
੨੪॥ ਨੂਨ ਨਾਮਦਾ ਸੌਦਾ ਕਰਲੈ ਸੰਤਨ ਦੇ ਘਰ ਹਟੜੀਨੀ
। ਤੋਲ ਜਿਨਹਾਂਦਾ ਪੂਰਾ ਕਹਿੰਦੇ ਘਟ ਨਾ ਰਖਦੇ ਵਟੜੀਨੀ।
ਸਤਿ ਸੰਤੋਖ ਛਿਮਾਲੈਂ ਉਨ ਤੇ ਹੋਇ ਜਿਨਾਂ ਤੋਖਟੜੀਨੀ॥ਮਨ
ਮਸਤਾਂਨ ਕਹੈ ਜਪ ਹਰਿ ਤੂੰ ਬੈਠ ਚਾਰ ਸਨ ਘਟੜੀਨੀ ॥
੨੫ ॥ ਵਾਉ ਵਿਹਾਂਦੀ ਜਾਇ ਉਮਰ ਨਿਤ ਸੁਪਨਾਏਹ ਜਗ
ਹੋਗ ਕੁੜੇ। ਹੁਣਦੇ ਵਿਛੜੇ ਕਦੀਨਹੀ ਮਿਲਨਾ ਪਏ ਚੌਰਾਸੀ
ਰੋਗ ਕੁੜੇ॥ ਜੁਗ ਜੁਗ ਭ੍ਰਮਦਿਆ ਇਧਰ ਉਧਰਦੇ ਮਿਲੇ
ਆਨ ਸੰਜੋਗ ਕੁੜੇ। ਮਨਮਸਤਾਨ ਕਹੈ ਸੁਨ ਜਿੰਦੜੀਤਿਆਗ
ਜਗਤ ਦੇ ਭੋਗ ਕੁੜੇ॥ ੨੬ ॥ਹੇ ਹਾਜਰ ਨਾਜਰ ਹੈ ਸਤਿਗੁਰ
ਰੰਗ ਰੰਗੀਲਾ ਰਾਮ ਕੁੜੇ। ਜਿਸ ਹਿੰਦੂ ਤੁਰਕ ਦੋਊ ਉਠ
ਜਾਇ ਹੈ ਨਿਹਚਲ ਜਿਸਦਾ ਨਾਮ ਕੁੜੇ॥ ਪਤਤ ਉਧਾਰਨ
ਜਗਮੈ ਆਏ ਚਲ ਗਹੀਏ ਤਿਸਕੀ ਸ਼ਾਮ ਕੁੜੇ॥ ਮਨ
ਮਸਤਾਂਨ ਓਹ ਸਭਦੇ ਨਾਇਕ ਨਿਰਭੌ ਜਿਸਦਾ ਨਾਮ ਕੁੜੇ
੨੭ ॥ ਲਾਮ ਲਜਤ ਲੈ ਕਰੀ ਇਸ਼ਕਦੀ ਇਤਉਤ ਫੋਕੇ ਛੋਡ
ਕੁੜੇ॥ ਲਾਜ ਰਹੇ ਦਰਗਾਹਦੇ ਵਿਚ ਤੇਰੀ ਲੈ ਲਜਤਬਨਾ
ਉਠ ਕੁੜੇ। ਜੇਕਰ ਏਹ ਗਲ ਮੂਲ ਨਾ ਕਰਸੇ ਹੋਸੇਤੂੰ ਬਦ-

Digitized by Panjab Digital Library | www.panjabdigilib.org

ਨਾਮ ਕੁੜੇ ॥ ਲਾਜ ਰਹੇ ਦਰਗਾਹ ਵਿਚ ਤੇਰੀ ਮਨ ਮਸਤਾਂਨ ਜਪ ਨਾਮ ਕੁੜੇ ॥ ੨੮ ॥ ਅਲਫ ਅਕਾਸ਼ੀ ਬ੍ਰਿਤ ਅਸਾਡੀ ਫਾਕਾ ਫਿਕਰ ਸਬੂਰੀਨੀ। ਰਹੈ ਅਲਮਸਤ ਨਾਮ ਮੱਦ ਮਾਤਾ ਨਾ ਹਰਮੈ ਦਿਲਗੀਰੀਨੀ। ਚਾਰਕੁੰਟ ਪਾਤਸ਼ਾਹ ਹਮਾਰੀ ਗੁਰ ਲਿਖ ਦੀਨੀ ਚੀਰੀਨੀ। ਮਨ ਮਸਤਾਂਨ ਹਮਰੇ ਗੁਰ ਸਾਂਨੂੰ ਬਖ਼ਸ਼ ਦੀਨੀ ਅਮੀਰੀਨੀ॥ ੨੯ ॥ ਧੇ ਧੇਹੀ ਕੀਤੀ ਗੁਰ ਮੇਰੇ ਨੇ ਅਚਰਜ ਰਹਿਆ ਦੇਖ ਕੁੜੇ। ਨੀਚ ਬਰਨ ਹਮ ਛੋਟੀ ਕੁਲਕੇ ਦੀਏ ਜਗਤ ਨੇ ਛੇਕ ਕੁੜੇ। ਸਤਿ ਗੁਰ ਮਿਲੇ ਸਰਬ ਕੇ ਦਾਤੇ ਲਿਖ ਦੀਨੇ ਮਸਤਕ ਲੇਖ ਕੁੜੇ। ਮਨ ਮਸਤਾਨ ਕਹੇ ਹਮ ਘਰ ਮੈ ਹੈ ਪਤਿਸ਼ਾਹੀ ਭੇਖ ਕੁੜੇ॥ ੩੦ ॥

ਸੰਪੂਰਨਿ ॥

Digitized by Panjab Digital Library | www.panjabdigilib.org